ਸ਼੍ਰੇਣੀ - ਬਾਰ੍ਹਵੀਂ

ਵਿਸ਼ਾ - ਗੁਰਮਤਿ ਸੰਗੀਤ

(ਵਿਲੱਖਣ ਸਮਰੱਥਾ ਵਾਲੇ ਵਿਦਿਆਰਥੀ)

ਲਿਖਤੀ ਸਮਾਂ - 3 ਘੰਟੇ ਅੰਕ - 45

## ਵਸਤੁਨਿਸ਼ਠ ਪ੍ਰਸ਼ਨ ( ਉੱਤਰ ਇੱਕ ਸ਼ਬਦ ਜਾਂ ਇੱਕ ਲਾਈਨ ਵਿੱਚ)

1. ਗੁਰਮਤਿ ਸੰਗੀਤ ਦੀ ਸ਼ੁਰੂਆਤ ਕਦੋਂ ਹੋਈ?

ਉੱਤਰ ਪੰਜ ਸਦੀਆਂ ਪਹਿਲਾਂ ਜਾਂ 500 ਸਾਲ ਤੋਂ ਵੱਧ ਪਹਿਲਾਂ

2. ਗੁਰਮਤਿ ਸੰਗੀਤ ਦੇ ਬਾਨੀ ਕੌਣ ਸਨ?

ਉੱਤਰ ਸ੍ਰੀ ਗੁਰੂ ਨਾਨਕ ਦੇਵ ਜੀ।

3. ਗੁਰਮਤਿ ਸੰਗੀਤ ਵਿੱਚ ਕੀ ਹੁੰਦਾ ਹੈ?

ਉੱਤਰ ਗੁਰੂ ਸਾਹਿਬਾਨਾਂ ਵੱਲੋਂ ਰਚੇ ਗਏ ਸ਼ਬਦ।

4. ਕਿੰਨੇ ਗੁਰੂਆਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ?

ਉੱਤਰ 6 ਗੁਰੂਆਂ ਦੀ।

5. ਗੁਰਮਤਿ ਸੰਗੀਤ ਕਿੱਥੇ ਗਾਇਆ ਜਾਂਦਾ ਹੈ?

ਉੱਤਰ ਗੁਰੂਦੁਆਰਿਆਂ ਵਿੱਚ।

6. ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਕਿੰਨੇ ਰਾਗਾਂ ਵਿੱਚ ਬਾਣੀ ਦਰਜ ਹੈ?

ਉੱਤਰ 31 ਰਾਗਾਂ ਵਿੱਚ।

7. ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਮਿਸ਼ਰਤ ਰਾਗਾਂ ਦੀ ਗਿਣਤੀ ਦੱਸੋ।

ਉੱਤਰ 29

8. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਕਿੰਨੇ ਭੱਟਾਂ ਅਤੇ ਭਗਤਾਂ ਦੀ ਬਾਣੀ ਦਰਜ ਹੈ?

ਉੱਤਰ 11 ਭੱਟਾਂ ਦੀ ਅਤੇ 15 ਭਗਤਾਂ ਦੀ।

9. ਕੀਰਤਨ ਕਾਰਨ ਵਾਲ਼ੇ ਨੂੰ ਕੀ ਕਹਿੰਦੇ ਹਨ?

ਉੱਤਰ ਕੀਰਤਨੀਆ

10. ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਕੁਲ ਕਿੰਨੇ ਸ਼ਬਦ ਹਨ?

ਉੱਤਰ 5896 ਸ਼ਬਦ

11. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਕਿਸਨੇ ਲਿਖਿਆ?

ਉੱਤਰ ਸ੍ਰੀ ਗੁਰੂ ਅਰਜਨ ਦੇਵ ਜੀ ਨੇ।

12. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਦਰਬਾਰ ਸਾਹਿਬ( ਅੰਮ੍ਰਿਤਸਰ ) ਵਿੱਖੇ ਸਥਾਪਨਾ ਕਦੋਂ ਹੋਈ?

ਉੱਤਰ ਸਨ 1604 ਵਿੱਚ।

13. ਸ੍ਰੀ ਗੁਰੂ ਅਰਜਨ ਦੇਵ ਜੀ ਨੇ ਮੁੱਖ ਕਿਹੜੀ ਬਾਣੀ ਦੀ ਰਚਨਾ ਕੀਤੀ?

ਉੱਤਰ ਸੁਖਮਨੀ ਸਾਹਿਬ ਜੀ ਦੀ।

14. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਇਕੱਲੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਕਿੰਨੇ ਸ਼ਬਦ ਦਰਜ ਹਨ?

ਉੱਤਰ 2000 ਤੋਂ ਵੱਧ ਸ਼ਬਦ।

15. ਸ੍ਰੀ ਹਰਿਮੰਦਰ ਸਾਹਿਬ ਵਿੱਖੇ ਕੀਰਤਨ ਦੀਆਂ ਕਿੰਨੀਆਂ ਚੌਂਕੀਆਂ ਹੁੰਦੀਆਂ ਹਨ?

ਉੱਤਰ 9 ਚੌਂਕੀਆਂ।

16. ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਕਿੰਨੇ ਅੰਗ ਹਨ?

ਉੱਤਰ 1430

17. ਭਾਈ ਮਰਦਾਨਾ ਕੌਣ ਸੀ?

ਉੱਤਰ ਮਰਾਸੀ।

18. ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਭਾਈ ਮਰਦਾਨਾ ਕੀ ਕਰਦੇ ਹੁੰਦੇ ਸਨ?

ਉੱਤਰ ਰਬਾਬ ਵਜਾਉਂਦੇ ਹੁੰਦੇ ਸਨ।

19. ਭਾਈ ਮਰਦਾਨਾ ਜੀ ਦਾ ਜਨਮ ਕਦੋਂ ਹੋਇਆ?

ਉੱਤਰ ਸਨ 1459 ਈਸਵੀ ਵਿੱਚ।

20. ਭਾਈ ਮਰਦਾਨਾ ਜੀ ਦਾ ਜਨਮ ਕਿੱਥੇ ਹੋਇਆ?

ਉੱਤਰ ਰਾਏ ਭੋਏ ਦੀ ਤਲਵੰਡੀ (ਨਨਕਾਣਾ ਸਾਹਿਬ)

21. ਭਾਈ ਸ਼ਹਿਜ਼ਾਦ ਕੌਣ ਸਨ?

ਉੱਤਰ ਭਾਈ ਮਰਦਾਨਾ ਜੀ ਦੇ ਪੁੱਤਰ।

22. ਭਾਈ ਸੱਤਾ ਅਤੇ ਭਾਈ ਬਲਵੰਡ ਜੀ ਕੌਣ ਸਨ?

ਉੱਤਰ ਦੋਨੋ ਸਕੇ ਭਰਾ ਸਨ।

23. ਭਾਈ ਸੱਤਾ ਕਿਹੜੀ ਜਾਤ ਨਾਲ਼ ਸੰਬੰਧਿਤ ਸਨ?

ਉੱਤਰ ਮਰਾਸੀ ਜਾਂ ਡੂਮ

24. ਕਿਹੜੇ ਗੁਰੂ ਜੀ ਦੇ ਸਮੇਂ ਭਾਈ ਬਲਵੰਡ ਰਬਾਬ ਵਜਾਉਂਦੇ ਸਨ?

ਉੱਤਰ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ।

25. ਭਾਈ ਸੱਤਾ ਅਤੇ ਭਾਈ ਬਲਵੰਡ ਜੀ ਦੀ ਕਿਹੜੀ ਰਚਨਾ ਸ੍ਰੀ ਗੁਰੂ ਗਰੰਥ ਸਾਹਿਬ ਵਿੱਚ ਦਰਜ ਹੈ?

ਉੱਤਰ ਰਾਮਕਲੀ ਦੀ ਵਾਰ।

26. ਕਿਹੜੇ ਤੰਤੀ ਸਾਜ਼ ਨਾਲ਼ ਸ੍ਰੀ ਗੁਰੂ ਅਮਰ ਦਾਸ ਜੀ ਅਤੇ ਸ੍ਰੀ ਗੁਰੂ ਰਾਮ ਦਾਸ ਜੀ ਕੀਰਤਨ ਕਰਦੇ ਹੁੰਦੇ ਸਨ?

ਉੱਤਰ ਸਾਰੰਦਾ

27. ਸ੍ਰੀ ਗੁਰੂ ਅਰਜਨ ਦੇਵ ਦੀ ਦੇ ਸਮੇਂ ਹੋਰ ਕਿਹੜੇ ਤੰਤੀ ਸਾਜ਼ ਦੀ ਰਵਾਇਤ ਸੀ?

ਉੱਤਰ ਸਾਰੰਦਾ ਅਤੇ ਇਸਰਾਜ

28. ਸ੍ਰੀ ਗੁਰੂ ਹਰਗੋਬਿੰਦ ਜੀ ਵੇਲ਼ੇ ਕਿਹੜੇ ਤੰਤੀ ਸਾਜ਼ ਪ੍ਰਚਲਿਤ ਸਨ?

ਉੱਤਰ ਤਾਊਸ ਅਤੇ ਢੱਡ - ਸਾਰੰਗੀ

29. ਭਾਈ ਚਾਂਦ ਜੀ ਦਾ ਜਨਮ ਕਦੋਂ ਹੋਇਆ?

ਉੱਤਰ ਸੰਨ 1927 ਈਸਵੀ ਵਿੱਚ।

30. ਭਾਈ ਚਾਂਦ ਜੀ ਦਾ ਪੂਰਾ ਨਾਮ ਕੀ ਸੀ?

ਉੱਤਰ ਭਾਈ ਗੁਲਾਮ ਮੋਹੰਮਦ ਚਾਂਦ।

31. ਭਾਈ ਚਾਂਦ ਜੀ ਦਾ ਜਨਮ ਕਿੱਥੇ ਹੋਇਆ?

ਉੱਤਰ ਪਿੰਡ ਰਾਜਾ ਸਾਂਸੀ ਜ਼ਿਲ੍ਹਾ ਅੰਮ੍ਰਿਤਸਰ ਵਿੱਖੇ।

32. ਭਾਈ ਚਾਂਦ ਜੀ ਕਿਸ ਦੇ ਵੰਸ਼ਜ ਸਨ?

ਉੱਤਰ ਭਾਈ ਮਰਦਾਨਾ ਜੀ ਦੇ।

33. ਭਾਈ ਚਾਂਦ ਜੀ ਦੀ ਮੌਤ ਕਦੋਂ ਹੋਈ?

ਉੱਤਰ ਸੰਨ 2015 ਈਸਵੀ ਵਿੱਚ।

34. ਭਾਈ ਚਾਂਦ ਜੀ ਦੀ ਪਿਤਾ ਜੀ ਦਾ ਕੀ ਨਾਮ ਸੀ?

ਉੱਤਰ ਸ੍ਰੀ ਸੁੰਦਰ ਗਿਆਨੀ

35. ਭਾਈ ਚਾਂਦ ਜੀ, ਭਾਈ ਮਰਦਾਨਾ ਜੀ ਦੀ ਕਿੰਨਵੀਂ ਪੀੜੀ ਹੈ?

ਉੱਤਰ 17ਵੀਂ ਪੀੜੀ

36. ਤਾਨਪੂਰੇ ਦੀ ਵਰਤੋਂ ਕਿਸ ਗੁਰੂ ਸਾਹਿਬਾਨ ਤੋਂ ਸ਼ੁਰੂ ਹੋਈ ਸੀ?

ਉੱਤਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ।

37. ਪ੍ਰੋ ਤਾਰਾ ਸਿੰਘ ਜੀ ਦਾ ਜਨਮ ਕਦੋਂ ਹੋਇਆ?

ਉੱਤਰ ਸੰਨ 1885 ਈਸਵੀ ਵਿੱਚ।

38. ਪ੍ਰੋ ਤਾਰਾ ਸਿੰਘ ਜੀ ਦਾ ਜਨਮ ਕਿੱਥੇ ਹੋਇਆ?

ਉੱਤਰ ਰਾਵਲ ਪਿੰਡੀ ਵਿੱਚ

39. ਭਾਈ ਹੀਰਾ ਸਿੰਘ ਜੀ ਦਾ ਜਨਮ ਕਦੋਂ ਹੋਇਆ?

ਉੱਤਰ ਸੰਨ 1879 ਈਸਵੀ ਵਿੱਚ।

40. ਭਾਈ ਹੀਰਾ ਸਿੰਘ ਜੀ ਦੇ ਪਿਤਾ ਜੀ ਦਾ ਕੀ ਨਾਮ ਸੀ?

ਉੱਤਰ ਭਾਈ ਭਾਗ ਸਿੰਘ ਜੀ।

41. ਭਾਈ ਹੀਰਾ ਸਿੰਘ ਜੀ ਦਾ ਜਨਮ ਕਿੱਥੇ ਹੋਇਆ?

ਉੱਤਰ ਪਿੰਡ ਫ਼ਰਕਾ, ਜ਼ਿਲ੍ਹਾ ਸ਼ਾਹਪੁਰ ( ਪਾਕਿਸਤਾਨ) ਵਿੱਚ।

42. ਆਸਾ ਦੀ ਵਾਰ ਕਦੋਂ ਗਾਈ ਜਾਂਦੀ ਹੈ?

ਉੱਤਰ ਅੰਮ੍ਰਿਤ ਵੇਲੇ

43. ਆਸਾ ਦੀ ਵਾਰ ਵਿੱਚ ਕਿੰਨੇ ਛੱਕੇ ਹਨ?

ਉੱਤਰ 24

44. ਆਸਾ ਦੀ ਵਾਰ ਕਿਹੜੇ ਗੁਰੂ ਸਾਹਿਬਾਨ ਜੀ ਦੀ ਰਚਨਾ ਹੈ?

ਉੱਤਰ ਸ੍ਰੀ ਗੁਰੂ ਨਾਨਕ ਦੇਵ ਜੀ ਦੀ

45. ਸੋਦਰ ਦੀ ਚੌਂਕੀ ਕਦੋਂ ਗਾਈ ਜਾਂਦੀ ਹੈ?

ਉੱਤਰ ਸ਼ਾਮ ਨੂੰ, ਸੂਰਜ ਦੇ ਛਿਪਣ ਦੇ ਨਾਲ਼

46. ਸੋਦਰ ਦੀ ਚੌਂਕੀ ਵੇਲ਼ੇ ਕਿਹੜਾ ਪਾਠ ਕੀਤਾ ਜਾਂਦਾ ਹੈ?

ਉੱਤਰ ਰਹਿਰਾਸ ਸਾਹਿਬ ਦਾ।

47. ਸ਼ਬਦ ਵਿੱਚ ਅੰਕ ਕਿਸਨੂੰ ਦਰਸਾਇਆ ਹੈ?

ਉੱਤਰ ਗਿਣਤੀ ਨੂੰ।

48. ਸ਼ਬਦ ਵਿੱਚ ਰਹਾਉ ਦੀ ਕੀ ਜਗ੍ਹਾ ਹੈ?

ਉੱਤਰ ਠਹਿਰਾਓ

49. ਰਹਾਉ ਦਾ ਦੂਜਾ ਨਾਮ ਕੀ ਹੈ?

ਉੱਤਰ ਸਥਾਈ

50. ਸ਼ਬਦ ਵਿੱਚ ਘਰ ਕੀ ਹੁੰਦਾ ਹੈ?

ਉੱਤਰ ਤਾਲ ਦੀ ਕਿਸਮ

51. ਪਉੜੀ ਤੋਂ ਕੀ ਭਾਵ ਹੈ?

ਉੱਤਰ ਪਹਿਰਿਆਂ ਦੀ ਕਿਸਮ

52. ਸ਼ਬਦ ਵਿੱਚ ਮਹੱਲਾ ਕਿਸ ਗੱਲ ਦਾ ਸੂਚਕ ਹੁੰਦਾ ਹੈ?

ਉੱਤਰ ਸ਼ਬਦ ਦਾ ਰਚਨਾਕਾਰ

53. ਪੜਤਾਲ ਕੀ ਹੁੰਦੀ ਹੈ?

ਉੱਤਰ ਰਾਗ ਦੀ ਸੰਗੀਤਕ ਨਿਸ਼ਾਨੀ

54. ਪੜਤਾਲ ਵਿੱਚ ਕੀ ਹੁੰਦਾ ਹੈ?

ਉੱਤਰ ਸ਼ਬਦ ਦੇ ਅਲਗ ਅਲਗ ਅੰਤਰੇ ਨੂੰ ਅਲਗ ਅਲਗ ਤਾਲ ਦੀ ਲੈਅਕਾਰੀ ਵਿੱਚ ਗਾਉਣਾ।

55. ਸ੍ਰੀ ਗੁਰੂ ਗਰੰਥ ਸਾਹਿਬ ਵਿੱਚ ਪੜਤਾਲ ਦੇ ਕਿੰਨੇ ਸ਼ਬਦ ਹਨ?

ਉੱਤਰ 49

56. ਰਾਗ ਤੋੜੀ ਦਾ ਸਮਾਂ ਕੀ ਹੈ?

ਉੱਤਰ ਦਿਨ ਦਾ ਦੂਜਾ ਪਹਿਰ।

57. ਰਾਗ ਤੋੜੀ ਵਿੱਚ ਕਿਹੜੇ ਸੁਰ ਕੋਮਲ ਲੱਗਦੇ ਹਨ?

ਉੱਤਰ ਰੇ ਗ ਧ ਅਤੇ ਨੀ

58. ਰਾਗ ਤੋੜੀ ਵਿੱਚ ਕਿਹੜਾ ਸੁਰ ਤੀਵਰ ਲੱਗਦਾ ਹੈ?

ਉੱਤਰ ਮ

59. ਰਾਗ ਤੋੜੀ ਦੀ ਕੀ ਜਾਤੀ ਹੈ?

ਉੱਤਰ ਸੰਪੂਰਣ-ਸੰਪੂਰਣ

60. ਰਾਗ ਤੋੜੀ ਦਾ ਵਾਦੀ ਅਤੇ ਸਮਵਾਦੀ ਸੁਰ ਕੀ ਹੈ?

ਉੱਤਰ ਵਾਦੀ - ਧ ਸਮਵਾਦੀ - ਗ

61. ਰਾਗ ਧਨਾਸਰੀ ਦਾ ਥਾਟ ਕੀ ਹੈ?

ਉੱਤਰ ਕਾਫ਼ੀ

62. ਰਾਗ ਧਨਾਸਰੀ ਕਿਸ ਜਾਤੀ ਦਾ ਰਾਗ ਹੈ?

ਉੱਤਰ ਔੜਵ - ਸੰਪੂਰਣ

63. ਰਾਗ ਧਨਾਸਰੀ ਵਿੱਚ ਕਿਹੜੇ ਕਿਹੜੇ ਸੁਰ ਕੋਮਲ ਲੱਗਦੇ ਹਨ?

ਉੱਤਰ ਗ ਅਤੇ ਨੀ

64. ਰਾਗ ਸਾਰੰਗ ਕਿਸ ਜਾਤੀ ਦਾ ਰਾਗ ਹੈ?

ਉੱਤਰ ਔੜਵ-ਔੜਵ

65. ਰਾਗ ਸਾਰੰਗ ਦਾ ਥਾਟ ਕੀ ਹੈ?

ਉੱਤਰ ਖਮਾਜ

66. ਰਾਗ ਭੈਰਵ ਵਿੱਚ ਕਿਹੜੇ - ਕਿਹੜੇ ਸੁਰ ਕੋਮਲ ਲੱਗਦੇ ਹਨ?

ਉੱਤਰ ਰੇ ਅਤੇ ਧ

67. ਰਾਗ ਭੈਰਵ ਦਾ ਵਾਦੀ ਅਤੇ ਸਮਵਾਦੀ ਸੁਰ ਕੀ ਹੈ?

ਉੱਤਰ ਵਾਦੀ - ਧ ਅਤੇ ਸੰਵਾਦੀ - ਰੇ

68. ਸਵੇਰ ਦਾ ਸੰਧੀ ਪ੍ਰਕਾਸ਼ ਰਾਗ ਕਿਹੜਾ ਹੈ?

ਉੱਤਰ ਭੈਰਵ

69. ਰਾਗ ਭੈਰਵ ਕਿਸ ਜਾਤੀ ਦਾ ਰਾਗ ਹੈ?

ਉੱਤਰ ਸੰਪੂਰਣ - ਸੰਪੂਰਣ

70. ਇੱਕਤਾਲ ਵਿੱਚ ਕਿੰਨੇ ਵਿਭਾਗ ਹੁੰਦੇ ਹਨ?

ਉੱਤਰ 2-2 ਮਾਤਰਾਵਾਂ ਦੇ 6 ਵਿਭਾਗ

71. ਇੱਕਤਾਲ ਵਿੱਚ ਕਿਹੜੀ - ਕਿਹੜੀ ਮਾਤਰਾ ਤੇ ਤਾਲੀ ਲੱਗਦੀ ਹੈ?

ਉੱਤਰ 1,5,9,11, ਮਾਤਰਾਵਾਂ ਤੇ।

72. ਇੱਕਤਾਲ ਵਿੱਚ ਕਿਹੜੀ ਮਾਤਰਾਵਾਂ ਖਾਲੀ ਹੁੰਦੀਆਂ ਹਨ?

ਉੱਤਰ 3 ਅਤੇ 7

73. ਇੱਕਤਾਲ ਕਿਸ ਗਾਇਨ ਸ਼ੈਲੀ ਨਾਲ ਵਜਾਈ ਜਾਂਦੀ ਹੈ?

ਉੱਤਰ ਸ਼ਾਸਤਰੀ ਗਾਇਨ ਸ਼ੈਲੀ ਨਾਲ

74. ਝੱਪਤਾਲ ਵਿੱਚ ਕਿੰਨੀਆਂ ਮਾਤਰਾਵਾਂ ਹੁੰਦੀਆਂ ਹਨ?

ਉੱਤਰ 10

75. ਝੱਪਤਾਲ ਵਿੱਚ ਕਿੰਨੇ ਵਿਭਾਗ ਹੁੰਦੀ ਹਨ?

ਉੱਤਰ 2-3 2-3 ਮਾਤਰਾਵਾਂ ਦੇ ਚਾਰ ਵਿਭਾਗ

76. ਝੱਪਤਾਲ ਵਿੱਚ ਕਿਹੜੀ ਮਾਤਰਾ ਖ਼ਾਲੀ ਹੁੰਦੀ ਹੈ?

ਉੱਤਰ 6ਵੀਂ ਮਾਤਰਾ

77. ਝੱਪਤਾਲ ਵਿੱਚ ਕਿਸ ਕਿਸ ਮਾਤਰਾ ਤੇ ਤਾਲੀ ਲੱਗਦੀ ਹੈ?

ਉੱਤਰ 1,3, 8 ਅਤੇ 10

78. "ਧਿਨ ਨਾ ਧਿਨ ਧਿਨ ਨਾ" ਕਿਸ ਤਾਲ ਦੇ ਬੋਲ ਹਨ?

ਉੱਤਰ ਝੱਪਤਾਲ

79. ਰੂਪਕ ਤਾਲ ਵਿੱਚ ਕਿੰਨੀਆਂ ਮਾਤਰਾਵਾਂ ਹੁੰਦੀਆਂ ਹਨ?

ਉੱਤਰ 7

80. ਰੂਪਕ ਤਾਲ ਵਿੱਚ ਕਿੰਨੇ ਵਿਭਾਗ ਹੁੰਦੇ ਹਨ?

ਉੱਤਰ ਤਿੰਨ (3)

81. ਰੂਪਕ ਤਾਲ ਕਿਸ ਕਿਸ ਗਾਇਨ ਸ਼ੈਲੀ ਨਾਲ਼ ਵੱਜਦੀ ਹੈ?

ਉੱਤਰ ਭਜਨ, ਸ਼ਬਦ,ਗੀਤ, ਗ਼ਜ਼ਲ ਆਦਿ

82. ਤਿੰਨਤਾਲ ਕਿਸ ਗਾਇਨ ਸ਼ੈਲੀ ਨਾਲ਼ ਵਜਾਈ ਜਾਂਦੀ ਹੈ?

ਉੱਤਰ ਮੁੱਖ ਤੌਰ ਤੇ ਦਰੁੱਤ ਖਿਆਲ ਨਾਲ਼।

83. ਤਿੰਨਤਾਲ ਵਿੱਚ ਕਿੰਨੇ ਵਿਭਾਗ ਹੁੰਦੇ ਹਨ?

ਉੱਤਰ 4-4 ਮਾਤਰਾਵਾਂ ਦੇ ਚਾਰ ਵਿਭਾਗ

84. ਤਿੰਨਤਾਲ ਵਿੱਚ ਖਾਲੀ ਕਿਸ ਮਾਤਰਾ ਤੇ ਹੁੰਦਾ ਹੈ?

ਉੱਤਰ ਨੌਵੀਂ

85. ਤਿੰਨ ਤਾਲ ਦਾ ਖਾਲੀ ਵਾਲਾ ਬੋਲ ਲਿਖੋ।

ਉੱਤਰ ਧ

## ਸੰਖੇਪਤਮਕ ਅਤੇ ਨਿਬੰਧਾਤਮਕ ਪ੍ਰਸ਼ਨ

86. ਗੁਰਮਤਿ ਸੰਗੀਤ ਵਿੱਚ ਰਾਗਾਂ ਦਾ ਕੀ ਮਹੱਤਵ ਹੈ?
87. ਰਹਾਉ ਤੋਂ ਕੀ ਭਾਵ ਹੈ?
88. ਸ਼ਬਦ ਵਿੱਚ ਪੜਤਾਲ ਦੀ ਵਰਤੋਂ ਕਿੱਦਾਂ ਕੀਤੀ ਜਾਂਦੀ ਹੈ?
89. ਸ਼ਬਦ ਅੰਕ ਤੋਂ ਕੀ ਭਾਵ ਹੈ?
90. ਸ੍ਰੀ ਗੁਰੂ ਗਰੰਥ ਸਾਹਿਬ ਵਿੱਚ ਮਿਸ੍ਰਿਤ ਰਾਗਾਂ ਦਾ ਕੀ ਮਹੱਤਵ ਹੈ?
91. ਸ੍ਰੀ ਗੁਰੂ ਗਰੰਥ ਸਾਹਿਬ ਵਿੱਚ ਜਿਹੜੇ ਚਾਰ ਗੁਰਸਿੱਖਾਂ ਦੀ ਬਾਣੀ ਦਰਜ ਹੈ, ਉਨ੍ਹਾਂ ਦੇ ਨਾਮ ਦੱਸੋ।
92. ਗੁਰਮਤਿ ਸੰਗੀਤ ਵਿੱਚ ਘਰ ਦੀ ਕੀ ਪਰਿਭਾਸ਼ਾ ਹੈ?
93. ਗੁਰਮਤਿ ਸੰਗੀਤ ਨੂੰ ਗਾਉਣ ਦਾ ਢੰਗ ਕੀ ਹੈ?
94. ਸ੍ਰੀ ਗੁਰੂ ਗਰੰਥ ਸਾਹਿਬ ਵਿੱਚ ਦਰਜ ਨੌ ਧੁਨਾਂ ਕਿਹੜੀਆਂ-ਕਿਹੜੀਆਂ ਹਨ?
95. ਤਿੰਨਤਾਲ ਦੀ ਪਰਿਭਾਸ਼ਾ ਦੀਓ।
96. ਝੱਪਤਾਲ ਦੀ ਪਰਿਭਾਸ਼ਾ ਦੀਓ।
97. ਰੂਪਕ ਤਾਲ ਦੀ ਪਰਿਭਾਸ਼ਾ ਦੀਓ।
98. ਤਿੰਨਤਾਲ ਨੂੰ ਇੱਕਗੁਣ ਅਤੇ ਦੁਗੁਣ ਦੀ ਲੈਅਕਾਰੀ ਵਿੱਚ ਲਿਖੋ।
99. ਝੱਪਤਾਲ ਨੂੰ ਇੱਕਗੁਣ ਅਤੇ ਦੁਗੁਣ ਦੀ ਲੈਅਕਾਰੀ ਵਿੱਚ ਲਿਖੋ।
100. ਰੂਪਕ ਨੂੰ ਇੱਕਗੁਣ ਅਤੇ ਦੁਗੁਣ ਦੀ ਲੈਅਕਾਰੀ ਵਿੱਚ ਲਿਖੋ।